Australian Government

myagedcare

Support at Home

Punjabi | ਪੰਜਾਬੀ

ਆਪਣੇ ਮੁਲਾਂਕਣ ਦਾ ਨਤੀਜਾ ਪ੍ਰਾਪਤ ਕਰੋ | ਸੇਵਾਵਾਂ ਜਾਰੀ ਕੀਤੇ ਜਾਣ ਦੀ ਉਡੀਕ ਕਰੋ | 'ਸਪੋਰਟ ਐਟ ਹੋਮ' ਸੇਵਾ ਪ੍ਰਦਾਤਾ ਲੱਭੋ | ਸੇਵਾ ਸਮਝੌਤੇ ਵਿੱਚ ਦਾਖਲ ਹੋਵੋ | ਆਪਣੀਆਂ ਸੇਵਾਵਾਂ ਦਾ ਪ੍ਰਬੰਧਨ ਕਰੋ

# 'ਸਪੋਰਟ ਐਟ ਹੋਮ' ਸੇਵਾ ਪ੍ਰਦਾਤਾ ਦੀ ਖੋਜ ਕਰਨਾ

ਹੁਣ ਜਦੋਂ ਤੁਹਾਨੂੰ 'ਸਪੋਰਟ ਐਟ ਹੋਮ' ਪ੍ਰੋਗਰਾਮ ਲਈ ਮੰਨਜ਼ੂਰੀ ਮਿਲ ਗਈ ਹੈ, ਤਾਂ ਤੁਹਾਨੂੰ ਸੇਵਾ ਪ੍ਰਦਾਤਾਵਾਂ ਦੀ ਖੋਜ ਕਰਨੀ ਹੋਵੇਗੀ ਅਤੇ ਇਹ ਦੇਖਣਾ ਹੋਵੇਗਾ ਕਿ ਕੀ ਉਹ ਤੁਹਾਡੀਆਂ ਮੁਲਾਂਕਣ ਕੀਤੀਆਂ ਲੋੜਾਂ ਅਤੇ ਤੁਹਾਡੇ ਬਜਟ ਦੇ ਅਨੁਕੂਲ ਸੇਵਾਵਾਂ ਮੁਹੱਈਆ ਕਰਦੇ ਹਨ। ਤੁਹਾਨੂੰ ਕਿਸੇ ਵੀ ਖ਼ਾਸ ਜ਼ਰੂਰਤ 'ਤੇ ਵਿਚਾਰ ਕਰਨਾ ਚਾਹੀਦਾ ਹੈ। ਉਦਾਹਰਨ ਵਜੋਂ, ਕੁੱਝ ਸੇਵਾ ਪ੍ਰਦਾਤਾ ਵਿਸ਼ੇਸ਼ ਸੇਵਾਵਾਂ ਵਿੱਚ ਮਾਹਿਰ ਹੁੰਦੇ ਹਨ, ਜਿਵੇਂ ਕਿ ਇੱਕ ਖ਼ਾਸ ਭਾਸ਼ਾ ਜਾਂ ਡਿਮੈਂਸ਼ੀਆ ਸਹਾਇਤਾ।

ਤੁਸੀਂ My Aged Care ਦੀ ਵੈੱਬਸਾਈਟ **MyAgedCare.gov.au/Find-A-Provider** 'ਤੇ 'Find a provider' ਟੂਲ ਦੀ ਵਰਤੋਂ ਕਰਕੇ ਆਪਣੇ ਸਥਾਨਕ ਖੇਤਰ ਵਿੱਚ ਪ੍ਰਦਾਤਾਵਾਂ ਨੂੰ ਲੱਭ ਸਕਦੇ ਹੋ ਜਾਂ My Aged Care ਨੂੰ **1800 200 422** 'ਤੇ ਮੁਫ਼ਤ ਫ਼ੋਨ ਕਰ ਸਕਦੇ ਹੋ।

ਤੁਸੀਂ ਆਮ ਜਾਣਕਾਰੀ ਲਈ Services Australia ਸੇਵਾ ਕੇਂਦਰ 'ਤੇ ਜਾ ਸਕਦੇ ਹੋ, ਜਾਂ ਮੁਫ਼ਤ ਵਿੱਚ ਵਿਅਕਤੀਗਤ ਮੁਲਾਕਾਤ ਲਈ ਔਨਲਾਈਨ ਮਿਲਣ ਦਾ ਸਮਾਂ ਬੁੱਕ ਕਰ ਸਕਦੇ ਹੋ। ਜ਼ਿਆਦਾ ਸਹਾਇਤਾ ਲਈ, ਤੁਸੀਂ ਕਿਸੇ ਏਜਡ ਕੇਅਰ ਸਪੈਸ਼ਲਿਸਟ ਅਫ਼ਸਰ ਨਾਲ ਵੀ ਗੱਲ ਕਰ ਸਕਦੇ ਹੋ ਜੇਕਰ ਤੁਹਾਡੇ ਇਲਾਕੇ ਵਿੱਚ ਕੋਈ ਹੈ, ਜਾਂ ਵੀਡੀਓ ਚੈਟ ਦੀ ਵਰਤੋਂ ਕਰ ਸਕਦੇ ਹੋ। **ServicesAustralia.gov.au/My-Aged-Care-Face-To-Face-Services** ਵੈੱਬਸਾਈਟ 'ਤੇ ਜਾਓ ਜਾਂ **1800 227 475** 'ਤੇ ਮੁਫ਼ਤ ਫ਼ੋਨ ਕਰੋ।

## ਕੀ ਮੈਂ ਇਹ ਚੁਣ ਸਕਦਾ ਹਾਂ ਕਿ ਮੈਨੂੰ ਕਿਹੜੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਣ?

ਤੁਹਾਨੂੰ ਇਹ ਫ਼ੈਸਲਾ ਕਰਨ ਦਾ ਹੱਕ ਹੈ ਕਿ ਤੁਸੀਂ ਉਨ੍ਹਾਂ ਮੰਨਜ਼ੂਰਸ਼ੁਦਾ ਸੇਵਾਵਾਂ ਵਿੱਚੋਂ ਕਿਹੜੀਆਂ ਲੈਣਾ ਚਾਹੁੰਦੇ ਹੋ ਅਤੇ ਉਹ ਸੇਵਾਵਾਂ ਕੌਣ ਮੁਹੱਈਆ ਕਰੇਗਾ। ਸੰਭਾਵੀ ਸੇਵਾ ਪ੍ਰਦਾਤਾਵਾਂ ਨਾਲ ਆਪਣੀਆਂ ਮੁਲਾਂਕਣ ਕੀਤੀਆਂ ਦੇਖਭਾਲ ਲੋੜਾਂ ਅਤੇ ਟੀਚਿਆਂ ਬਾਰੇ ਚਰਚਾ ਕਰੋ ਤਾਂ ਜੋ ਇਹ ਸਮਝਿਆ ਜਾ ਸਕੇ ਕਿ ਉਹ ਤੁਹਾਡੀ ਸਭ ਤੋਂ ਵਧੀਆ ਸਹਾਇਤਾ ਕਿਵੇਂ ਕਰ ਸਕਦੇ ਹਨ।

ਤੁਹਾਡੀਆਂ ਮੰਨਜ਼ੂਰਸ਼ੁਦਾ ਸੇਵਾਵਾਂ ਵਿੱਚ ਸਾਫ਼-ਸਫ਼ਾਈ, ਘਰੇਲੂ ਕੰਮ, ਹਲਕੀ ਬਾਗਬਾਨੀ, ਨ੍ਹਾਉਣ-ਧੋਣ, ਸ਼ਾਵਰ ਲੈਣ ਅਤੇ ਕੱਪੜੇ ਪਹਿਨਣ ਵਿੱਚ ਮੱਦਦ, ਨਰਸਿੰਗ ਸੇਵਾਵਾਂ, ਰਿਸਪਾਈਟ ਦੇਖਭਾਲ, ਸਮਾਜਿਕ ਮੇਲ-ਜੋਲ ਕਰਨ ਲਈ ਸਹਾਇਤਾ ਜਾਂ ਆਵਾਜਾਈ ਸੇਵਾਵਾਂ ਸ਼ਾਮਲ ਹੋ ਸਕਦੀਆਂ ਹਨ।

ਇਹ ਤੁਹਾਡੇ ਗੱਲਬਾਤ ਕਰਨ ਵਿੱਚ ਮਦਦਗਾਰ ਹੋਵੇਗਾ ਜੇਕਰ ਤੁਸੀਂ ਆਪਣੇ ਸੰਭਾਵੀ ਸੇਵਾ ਪ੍ਰਦਾਤਾਵਾਂ ਕੋਲ ਜਾਂਦੇ ਸਮੇਂ ਆਪਣੀ 'ਸਪੋਰਟ ਐਟ ਹੋਮ' ਦੀ ਮੰਨਜ਼ੂਰੀ ਚਿੱਠੀ, ਸਹਾਇਤਾ ਯੋਜਨਾ ਅਤੇ ਆਪਣੀ ਆਮਦਨ ਮੁਲਾਂਕਣ ਦਾ ਨਤੀਜਾ (ਜੇਕਰ ਤੁਹਾਡੇ ਕੋਲ ਹੈ) ਨਾਲ ਲੈ ਕੇ ਜਾਓ।

## ਹਰੇਕ ਸੇਵਾ ਦੀ ਕੀਮਤ ਕਿੰਨੀ ਹੋਵੇਗੀ?

'ਸਪੋਰਟ ਐਟ ਹੋਮ' ਦੇ ਤਹਿਤ, ਤੁਸੀਂ ਸਿਰਫ਼ ਉਨ੍ਹਾਂ ਸੇਵਾਵਾਂ ਲਈ ਭੁਗਤਾਨ ਕਰੋਗੇ ਜੋ ਤੁਹਾਨੂੰ ਮਿਲਦੀਆਂ ਹਨ।

ਹਰੇਕ ਪ੍ਰਦਾਤਾ ਨੂੰ ਆਪਣੀ ਵੈੱਬਸਾਈਟ ਅਤੇ My Aged Care ਵੈੱਬਸਾਈਟ 'ਤੇ ਉਹਨਾਂ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਲਈ ਆਪਣੀ ਸਭ ਤੋਂ ਆਮ ਕੀਮਤ ਪ੍ਰਕਾਸ਼ਿਤ ਕਰਨੀ ਲਾਜ਼ਮੀ ਹੈ। ਤੁਸੀਂ My Aged Care ਦੀ ਵੈੱਬਸਾਈਟ **MyAgedCare.gov.au/Find-A-Provider** 'ਤੇ 'Find a provider' ਟੂਲ ਦੀ ਵਰਤੋਂ ਕਰਕੇ ਇਹ ਮੁੱਲ ਵੇਖ ਸਕਦੇ ਅਤੇ ਤੁਲਨਾ ਕਰ ਸਕਦੇ ਹੋ।

ਤੁਹਾਡੀਆਂ ਕੀਮਤਾਂ ਵਾਜਬ ਅਤੇ ਪਾਰਦਰਸ਼ੀ ਹੋਣ ਨੂੰ ਯਕੀਨੀ ਬਣਾਉਣ ਲਈ ਸੁਰੱਖਿਆ ਪ੍ਰਬੰਧ ਹਨ। **MyAgedCare.gov.au/Support-Home-Program** 'ਤੇ ਜਾ ਕੇ ਹੋਰ ਜਾਣੋ।

## ਮੈਨੂੰ ਮਿਲਣ ਵਾਲੀਆਂ ਸੇਵਾਵਾਂ ਦੀ ਲਾਗਤ ਵਿੱਚ ਕਿੰਨਾ ਯੋਗਦਾਨ ਪਾਉਣਾ ਪਵੇਗਾ?

ਨਰਸਿੰਗ ਜਾਂ ਫਿਜ਼ੀਓਥੈਰੇਪੀ ਵਰਗੀਆਂ ਕਲੀਨੀਕਲ ਦੇਖਭਾਲ ਸੇਵਾਵਾਂ ਪੂਰੀ ਤਰ੍ਹਾਂ ਸਰਕਾਰ ਵੱਲੋਂ ਫ਼ੰਡ ਕੀਤੀਆਂ ਜਾਂਦੀਆਂ ਹਨ। ਤੁਹਾਡੇ ਯੋਗਦਾਨ ਦੀ ਰਕਮ ਦਾ ਪੱਧਰ ਪ੍ਰਾਪਤ ਕੀਤੀ ਸੇਵਾ ਦੀ ਕਿਸਮ ਅਤੇ ਤੁਹਾਡੀ ਆਮਦਨ ਅਤੇ ਸੰਪਤੀਆਂ ਦੇ ਅਨੁਸਾਰ ਵੱਖ-ਵੱਖ ਹੋਵੇਗਾ।

Services Australia ਤੁਹਾਡਾ ਆਮਦਨ ਅਤੇ ਸੰਪਤੀ ਮੁਲਾਂਕਣ ਕਰੇਗੀ, ਜੋ ਬੁਢਾਪਾ ਪੈਨਸ਼ਨ ਲਈ ਆਮਦਨ ਅਤੇ ਸੰਪਤੀ ਮੁਲਾਂਕਣ ਵਰਗਾ ਹੀ ਹੋਵੇਗਾ, ਤਾਂ ਜੋ ਤੁਹਾਡੀ ਯੋਗਦਾਨ ਰਕਮ ਨਿਰਧਾਰਤ ਕੀਤੀ ਜਾ ਸਕੇ।

Services Australia ਜਾਂ Department of Veterans' Affairs (ਡਿਪਾਰਟਮੈਂਟ ਆਫ਼ ਵੈਟਰਨਜ਼ ਅਫੇਅਰਜ਼, DVA) ਕੋਲ ਪਹਿਲਾਂ ਹੀ ਸੰਬੰਧਿਤ ਆਮਦਨ ਸਹਾਇਤਾ ਭੁਗਤਾਨ ਤੋਂ ਤੁਹਾਡੇ ਵਿੱਤੀ ਵੇਰਵੇ ਹੋ ਸਕਦੇ ਹਨ। ਤੁਹਾਨੂੰ ਇਹ ਯਕੀਨੀ ਬਣਾਉਣ ਦੀ ਜ਼ਰੂਰਤ ਹੋਵੇਗੀ ਕਿ ਤੁਹਾਡੇ ਵਿੱਤੀ ਵੇਰਵੇ ਨਵੀਨਤਮ ਹਨ।

Services Australia ਦੀ ਵੈੱਬਸਾਈਟ 'ਤੇ ਜਾ ਕੇ ਪੁਸ਼ਟੀ ਕਰੋ ਕਿ ਕੀ ਤੁਹਾਨੂੰ ਕੀ ਤੁਹਾਨੂੰ ਆਮਦਨੀ ਅਤੇ ਸੰਪਤੀ ਦਾ ਮੁਲਾਂਕਣ ਕਰਵਾਉਣ ਦੀ ਲੋੜ ਹੈ: **ServicesAustralia.gov.au/Aged-Care-Calculation-Your-Cost-Care**।

ਜੇਕਰ ਤੁਹਾਨੂੰ ਆਮਦਨੀ ਅਤੇ ਸੰਪਤੀ ਦੇ ਮੁਲਾਂਕਣ ਨੂੰ ਸਮਝਣ ਜਾਂ ਪੂਰਾ ਕਰਨ ਲਈ ਮੱਦਦ ਦੀ ਲੋੜ ਹੈ ਤਾਂ:

- Services Australia ਨੂੰ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ **1800 227 475** 'ਤੇ ਮੁਫ਼ਤ ਫ਼ੋਨ ਕਰੋ।
- Services Australia ਦੇ ਸੇਵਾ ਕੇਂਦਰ 'ਤੇ ਜਾਓ ਜਾਂ **ServicesAustralia.gov.au/My-Aged-Care-Face-To-Face-Services** 'ਤੇ ਜਾ ਕੇ ਮੁਫ਼ਤ ਆਹਮੋ-ਸਾਹਮਣੇ ਮੁਲਾਕਾਤ ਲਈ ਔਨਲਾਈਨ ਬੁੱਕ ਕਰੋ ਜਾਂ **1800 227 475** 'ਤੇ ਫ੍ਰੀਕਾਲ ਕਰੋ।

ਜੇਕਰ ਤੁਸੀਂ ਆਮਦਨੀ ਅਤੇ ਸੰਪਤੀ ਦਾ ਮੁਲਾਂਕਣ ਪੂਰਾ ਨਹੀਂ ਕਰਦੇ, ਤਾਂ ਤੁਹਾਡੀ ਯੋਗਦਾਨ ਰਕਮ ਵੱਧ ਤੋਂ ਵੱਧ ਦਰ 'ਤੇ ਨਿਰਧਾਰਤ ਕੀਤੀ ਜਾਵੇਗੀ।

ਤੁਹਾਨੂੰ ਆਪਣੀ ਵਿੱਤੀ ਸਥਿਤੀ ਵਿੱਚ ਆਈ ਕਿਸੇ ਵੀ ਤਰ੍ਹਾਂ ਦੀ ਉਸ ਤਬਦੀਲੀ ਬਾਰੇ 14 ਦਿਨਾਂ ਦੇ ਅੰਦਰ-ਅੰਦਰ Services Australia ਦੱਸਣਾ ਚਾਹੀਦਾ ਹੈ ਜੋ ਤੁਹਾਡੇ ਯੋਗਦਾਨ ਦੀ ਰਕਮ ਨੂੰ ਪ੍ਰਭਾਵਿਤ ਕਰ ਸਕਦੀ ਹੈ।

ਤੁਹਾਨੂੰ ਕਿਹੜੇ ਯੋਗਦਾਨਾਂ ਦਾ ਭੁਗਤਾਨ ਕਰਨ ਲਈ ਕਿਹਾ ਜਾ ਸਕਦਾ ਹੈ, ਉਸਦਾ ਅੰਦਾਜ਼ਾ ਲਗਾਉਣ ਲਈ, **MyAgedCare.gov.au/Support-At-Home-Fee-Estimator** ਵੈੱਬਸਾਈਟ 'ਤੇ ਦਿੱਤੇ 'ਸਪੋਰਟ ਐਟ ਹੋਮ' ਫ਼ੀਸ ਐਸਟੀਮੇਟਰ ਦੀ ਵਰਤੋਂ ਕਰੋ।

ਜੇਕਰ ਤੁਸੀਂ ਆਪਣੇ ਕੰਟਰੋਲ ਤੋਂ ਬਾਹਰ ਹੋਣ ਵਾਲੇ ਕਾਰਨਾਂ ਕਰਕੇ ਭੁਗਤਾਨ ਕਰਨ ਵਿੱਚ ਅਸਮਰੱਥ ਹੋ, ਤਾਂ ਵਿੱਤੀ ਤੰਗੀ ਸਹਾਇਤਾ ਤੁਹਾਡੀ ਮੱਦਦ ਕਰ ਸਕਦੀ ਹੈ। **MyAgedCare.gov.au/Financial-Hardship-Assistance** 'ਤੇ ਜਾ ਕੇ ਹੋਰ ਜਾਣੋ।

## ਸੇਵਾ ਪ੍ਰਦਾਤਾ ਸੇਵਾ ਦੀ ਗੁਣਵੱਤਾ ਨੂੰ ਕਿਵੇਂ ਯਕੀਨੀ ਬਣਾਉਂਦਾ ਹੈ?

ਨਵੇਂ ਬਿਰਧ ਦੇਖਭਾਲ ਕਾਨੂੰਨ ਵਿੱਚ ਅਧਿਕਾਰਾਂ ਦਾ ਘੋਸ਼ਣਾ ਪੱਤਰ ਇਹ ਯਕੀਨੀ ਬਣਾਏਗਾ ਕਿ ਤੁਹਾਡੀ ਬਿਰਧ ਦੇਖਭਾਲ ਤੁਹਾਡੇ 'ਤੇ ਕੇਂਦਰਿਤ ਹੈ। ਤੁਸੀਂ ਸੇਵਾ ਪ੍ਰਦਾਤਾਵਾਂ ਤੋਂ ਪੁੱਛ ਸਕਦੇ ਹੋ ਕਿ ਉਹ ਕਿਵੇਂ ਇਹ ਯਕੀਨੀ ਬਣਾਉਣਗੇ ਕਿ ਤੁਸੀਂ ਆਪਣੇ ਜੀਵਨ ਬਾਰੇ ਆਪ ਫ਼ੈਸਲੇ ਲੈ ਸਕੋ ਅਤੇ ਤੁਹਾਡੀਆਂ ਚੋਣਾਂ ਨੂੰ ਸਿਰਫ਼ ਸਵੀਕਾਰ ਹੀ ਨਾ ਕੀਤਾ ਜਾਵੇ, ਬਲਕਿ ਉਨ੍ਹਾਂ ਦਾ ਸਤਿਕਾਰ ਵੀ ਕੀਤਾ ਜਾਵੇ।

ਮਜ਼ਬੂਤ ਕੀਤੇ ਗਏ ਬਜ਼ੁਰਗ ਦੇਖਭਾਲ ਗੁਣਵੱਤਾ ਮਿਆਰ ਪਰਿਭਾਸ਼ਿਤ ਕਰਦੇ ਹਨ ਕਿ ਉੱਚ ਗੁਣਵੱਤਾ ਵਾਲੀ ਦੇਖਭਾਲ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ। ਤੁਸੀਂ ਸੇਵਾ ਪ੍ਰਦਾਤਾਵਾਂ ਨੂੰ ਇਸ ਤਰੀਕੇ ਨਾਲ ਜਾਣਕਾਰੀ ਦੇਣ ਲਈ ਕਹਿ ਸਕਦੇ ਹੋ ਕਿ ਤੁਸੀਂ ਸਮਝ ਸਕੋ ਅਤੇ ਸਮਝਾ ਸਕੋ ਕਿ ਇਸਦਾ ਤੁਹਾਡੇ ਲਈ ਕੀ ਅਰਥ ਹੈ।

ਸਾਰੇ ਬਿਰਧ ਦੇਖਭਾਲ ਸੇਵਾ ਪ੍ਰਦਾਤਾਵਾਂ ਅਤੇ ਕਰਮਚਾਰੀਆਂ ਲਈ ਬਿਰਧ ਦੇਖਭਾਲ ਆਚਾਰ ਸੰਹਿਤਾ ਦੀ ਪਾਲਣਾ ਕਰਨੀ ਵੀ ਲਾਜ਼ਮੀ ਹੈ। ਤੁਸੀਂ ਸੇਵਾ ਪ੍ਰਦਾਤਾਵਾਂ ਨੂੰ ਪੁੱਛ ਸਕਦੇ ਹੋ ਕਿ ਉਹ ਸਰਬੋਤਮ ਦੇਖਭਾਲ ਅਤੇ ਸਹਾਇਤਾ ਨੂੰ ਯਕੀਨੀ ਬਣਾਉਣ ਲਈ ਇਸ ਕੋਡ ਦੇ ਅਨੁਸਾਰ ਕਿਵੇਂ ਕੰਮ ਕਰ ਰਹੇ ਹਨ।

ਸਰਕਾਰ ਇੱਕ ਨਵੇਂ ਕਰਮਚਾਰੀ ਸਕ੍ਰੀਨਿੰਗ ਮਾਡਲ 'ਤੇ ਕੰਮ ਕਰ ਰਹੀ ਹੈ, ਜੋ ਏਜਡ ਕੇਅਰ ਕਰਮਚਾਰੀ ਸਕ੍ਰੀਨਿੰਗ ਨੂੰ ਨੈਸ਼ਨਲ ਡਿਸਐਬਿਲਿਟੀ ਇਨਸ਼ੋਰੈਂਸ ਸਕੀਮ ਨਾਲ ਜੋੜ ਕੇ ਵਧੇਰੇ ਮਜ਼ਬੂਤ ਸਕ੍ਰੀਨਿੰਗ ਜਾਂਚਾਂ ਪੇਸ਼ ਕਰੇਗੀ। ਤੁਸੀਂ ਸੇਵਾ ਪ੍ਰਦਾਤਾਵਾਂ ਨੂੰ ਪੁੱਛ ਸਕਦੇ ਹੋ ਕਿ ਉਹ ਕਿਵੇਂ ਜਾਂਚ ਕਰਨਗੇ ਕਿ ਸਾਰੇ ਕਰਮਚਾਰੀ ਬਿਰਧ ਦੇਖਭਾਲ ਵਿੱਚ ਕੰਮ ਕਰਨ ਲਈ ਯੋਗ ਹਨ।

ਸਾਰੇ ਬਿਰਧ ਦੇਖਭਾਲ ਕਰਮਚਾਰੀਆਂ ਕੋਲ ਢੁੱਕਵੀਂ ਯੋਗਤਾ, ਹੁਨਰ ਅਤੇ ਅਨੁਭਵ ਹੋਣਾ ਚਾਹੀਦਾ ਹੈ। ਤੁਸੀਂ ਆਪਣੇ ਸੇਵਾ ਪ੍ਰਦਾਤਾ ਪੁੱਛ ਸਕਦੇ ਹੋ ਕਿ ਕੀ ਉਹਨਾਂ ਕੋਲ ਕੋਈ ਸਿਖਲਾਈ ਪ੍ਰੋਗਰਾਮ ਹੈ ਅਤੇ ਉਹ ਆਪਣੇ ਭਾਗੀਦਾਰਾਂ ਲਈ ਕੰਮ ਕਰਨ ਦੇ ਯੋਗ ਹੋਣ ਤੋਂ ਪਹਿਲਾਂ ਕਿਹੜੀਆਂ ਯੋਗਤਾਵਾਂ ਦੀ ਉਮੀਦ ਕਰਦੇ ਹਨ।

**MyAgedCare.gov.au/Know-Your-Rights** 'ਤੇ ਜਾ ਕੇ ਹੋਰ ਜਾਣੋ।

## ਸੇਵਾ ਪ੍ਰਦਾਤਾ ਸ਼ਿਕਾਇਤਾਂ ਨੂੰ ਕਿਵੇਂ ਸੰਭਾਲਦਾ ਹੈ?

ਤੁਸੀਂ ਆਪਣੀ ਦੇਖਭਾਲ ਦੀ ਦਿਸ਼ਾ ਖ਼ੁਦ ਨਿਰਧਾਰਤ ਕਰਦੇ ਹੋ ਅਤੇ ਤੁਹਾਡਾ ਇਸ ਗੱਲ 'ਤੇ ਕੰਟਰੋਲ ਹੁੰਦਾ ਹੈ ਕਿ ਤੁਹਾਡੀ ਦੇਖਭਾਲ ਕੌਣ ਕਰਦਾ ਹੈ, ਅਤੇ ਉਹ ਇਸਨੂੰ ਕਿੱਥੇ ਅਤੇ ਕਦੋਂ ਪ੍ਰਦਾਨ ਕਰਦੇ ਹਨ। ਸੇਵਾ ਪ੍ਰਦਾਤਾ ਪੁੱਛੋ ਕਿ ਜੇਕਰ ਮੈਂ ਦੇਖਭਾਲ ਕਰਨ ਵਾਲਾ ਕਰਮਚਾਰੀ ਬਦਲਣਾ ਚਾਹੁੰਦਾ/ਚਾਹੁੰਦੀ ਹਾਂ, ਤਾਂ ਤੁਹਾਡੇ ਕੋਲ ਇਹ ਬਦਲਾਅ ਕਰਨ ਲਈ ਕਿਹੜੀ ਪ੍ਰਕਿਰਿਆ ਹੈ, ਕੀ ਕੋਈ ਨੋਟਿਸ ਪੀਰੀਅਡ ਜਾਂ ਖ਼ਰਚੇ ਲਾਗੂ ਹੁੰਦੇ ਹਨ, ਅਤੇ ਕੀ ਕੋਈ ਸ਼ਿਕਾਇਤ ਪ੍ਰਕਿਰਿਆ ਹੈ।

ਜੇਕਰ ਤੁਸੀਂ ਆਪਣੇ ਸੇਵਾ ਪ੍ਰਦਾਤਾ ਨਾਲ ਕਿਸੇ ਚਿੰਤਾ ਜਾਂ ਸ਼ਿਕਾਇਤ ਦਾ ਹੱਲ ਨਹੀਂ ਕਰ ਸਕਦੇ, ਜਾਂ ਅਜਿਹਾ ਕਰਨ ਵਿੱਚ ਸਹਿਜ ਮਹਿਸੂਸ ਨਹੀਂ ਕਰਦੇ, **ਤਾਂ ਤੁਸੀਂ ਬਿਰਧ ਦੇਖਭਾਲ ਗੁਣਵੱਤਾ ਅਤੇ ਸੁਰੱਖਿਆ ਕਮਿਸ਼ਨ** (ACQSC) ਨਾਲ **1800 951 822** 'ਤੇ ਸੰਪਰਕ ਕਰ ਸਕਦੇ ਹੋ।

ਆਪਣੇ ਬਿਰਧ ਦੇਖਭਾਲ ਅਧਿਕਾਰਾਂ ਬਾਰੇ ਜਾਣਕਾਰੀ ਲਈ ਅਤੇ ਚਿੰਤਾਵਾਂ ਉਠਾਉਣ ਵੇਲੇ ਸਹਾਇਤਾ ਲਈ, Older Persons Advocacy Network (ਓਲਡਰ ਪਰਸਨਜ਼ ਐਡਵੋਕੇਸੀ ਨੈੱਟਵਰਕ, OPAN) ਨੂੰ **1800 700 600** 'ਤੇ ਫ਼ੋਨ ਕਰੋ ਜਾਂ ਉਨ੍ਹਾਂ ਦੀ ਵੈੱਬਸਾਈਟ **OPAN.org.au** 'ਤੇ ਜਾਓ। ਇਹ ਸੇਵਾਵਾਂ ਮੁਫ਼ਤ, ਗੁਪਤ ਅਤੇ ਨਿਰਪੱਖ ਹਨ।

## ਕੀ ਮੈਂ ਸੇਵਾ ਪ੍ਰਦਾਤਾਵਾਂ ਨਾਲ ਆਪਣੀ ਚਰਚਾ ਵਿੱਚ ਕਿਸੇ ਨੂੰ ਨਾਲ ਲਿਆ ਸਕਦਾ ਹਾਂ?

ਤੁਸੀਂ ਪ੍ਰਦਾਤਾ ਨਾਲ ਇਸ ਬਾਰੇ ਗੱਲ ਕਰਨ ਲਈ ਆਪਣੇ ਨਾਲ ਕੋਈ ਸਹਾਇਕ ਵਿਅਕਤੀ ਜਿਵੇਂ ਕਿ ਪਰਿਵਾਰਕ ਮੈਂਬਰ, ਦੋਸਤ ਜਾਂ ਦੇਖਭਾਲ ਕਰਨ ਵਾਲਾ ਲਿਆ ਸਕਦੇ ਹੋ ਕਿ ਤੁਸੀਂ ਕਿਵੇਂ ਸਹਾਇਤਾ ਪ੍ਰਾਪਤ ਕਰਨਾ ਚਾਹੁੰਦੇ ਹੋ।

ਤੁਹਾਡਾ ਸਹਾਇਕ ਵਿਅਕਤੀ ਤੁਹਾਡਾ ਰਜਿਸਟਰਡ ਸਹਾਇਕ ਹੋ ਸਕਦਾ ਹੈ। ਰਜਿਸਟਰਡ ਸਹਾਇਕ ਹੋਣ ਦਾ ਅਰਥ ਇਹ ਨਹੀਂ ਕਿ ਤੁਸੀਂ ਉਹ ਕੰਮ ਨਹੀਂ ਕਰ ਸਕਦੇ ਜੋ ਤੁਸੀਂ ਆਪਣੇ ਆਪ ਕਰ ਸਕਦੇ ਹੋ।

ਵਧੇਰੇ ਜਾਣਕਾਰੀ ਲਈ, **MyAgedCare.gov.au** 'ਤੇ ਜਾਓ ਜਾਂ **1800 200 422** 'ਤੇ ਫ਼ੋਨ ਕਰੋ।

## ਅਗਲੇ ਕਦਮ

**MyAgedCare.gov.au/Support-At-Home-Fee-Estimator** 'ਤੇ 'ਸਪੋਰਟ ਐਟ ਹੋਮ' ਫ਼ੀਸ ਅਨੁਮਾਨਕ ਟੂਲ ਦੀ ਵਰਤੋਂ ਕਰਕੇ ਪਤਾ ਲਗਾਓ ਕਿ ਤੁਹਾਨੂੰ ਆਪਣੀ ਦੇਖਭਾਲ ਦੀ ਲਾਗਤ ਵਿੱਚ ਕਿੰਨਾ ਯੋਗਦਾਨ ਦੇਣਾ ਪੈ ਸਕਦਾ ਹੈ।

My Aged Care ਵੱਲੋਂ ਤੁਹਾਡੇ 'ਸਪੋਰਟ ਐਟ ਹੋਮ' ਫੰਡਿੰਗ ਨਿਰਧਾਰਤ ਕੀਤੇ ਜਾਨ ਬਾਰੇ ਸਲਾਹ ਦੇਣ ਵਾਲੇ ਪੱਤਰ ਦੀ ਉਡੀਕ ਕਰੋ। ਇਸ ਵਿੱਚ ਤੁਹਾਡੇ ਸੇਵਾ ਪ੍ਰਦਾਤਾ ਨੂੰ ਦੇਣ ਲਈ ਇੱਕ ਰੈਫ਼ਰਲ ਕੋਡ ਸ਼ਾਮਲ ਹੋਵੇਗਾ।

myGov ਰਾਹੀਂ ਆਪਣੇ My Aged Care ਔਨਲਾਈਨ ਖਾਤੇ ਵਿੱਚ ਆਪਣੀ 'ਸਪੋਰਟ ਐਟ ਹੋਮ' ਸਹਾਇਤਾ ਯੋਜਨਾ, ਮੰਨਜ਼ੂਰੀਆਂ ਅਤੇ ਪੱਤਰਾਂ ਤੱਕ ਪਹੁੰਚ ਕਰੋ। ਤੁਹਾਡੇ ਰਜਿਸਟਰਡ ਸਹਾਇਕ/ਕਾਂ ਕੋਲ ਵੀ ਇਸ ਜਾਣਕਾਰੀ ਤੱਕ ਪਹੁੰਚ ਹੋ ਸਕਦੀ ਹੈ।

myGov ਰਾਹੀਂ ਆਪਣੇ ਔਨਲਾਈਨ ਖਾਤੇ ਨੂੰ ਕਿਵੇਂ ਸੈੱਟ ਕਰਨਾ ਹੈ ਅਤੇ ਪਹੁੰਚ ਕਰਨ ਬਾਰੇ ਹੋਰ ਜਾਣਕਾਰੀ **MyAgedCare.gov.au/Access-Your-Online-Account** 'ਤੇ ਪ੍ਰਾਪਤ ਕਰੋ।

## ਹੋਰ ਜਾਣਕਾਰੀ

'ਸਪੋਰਟ ਐਟ ਹੋਮ' ਪ੍ਰੋਗਰਾਮ ਬਾਰੇ ਵਿਸਤ੍ਰਿਤ ਜਾਣਕਾਰੀ ਲਈ, ਤੁਸੀਂ My Aged Care ਦੀ ਵੈੱਬਸਾਈਟ **MyAgedCare.gov.au** 'ਤੇ 'ਸਪੋਰਟ ਐਟ ਹੋਮ' ਕਿਤਾਬਚਾ ਪੜ੍ਹ ਸਕਦੇ ਹੋ।

ਤੁਸੀਂ ਇਸ ਕਿਤਾਬਚੇ ਦੀ ਹਾਰਡ ਕਾਪੀ ਨੈਸ਼ਨਲ ਮੇਲਿੰਗ ਐਂਡ ਮਾਰਕੀਟਿੰਗ ਨਾਲ **Health@NationalMailing.com.au** 'ਤੇ ਈਮੇਲ ਕਰਕੇ ਜਾਂ **(02) 6269 1025** 'ਤੇ ਫ਼ੋਨ ਕਰਕੇ ਵੀ ਮੰਗਵਾ ਸਕਦੇ ਹੋ।

## ਸਹਾਇਤਾ ਲਈ

- ਇਸ ਵੈੱਬਸਾਈਟ 'ਤੇ ਜਾਓ: **MyAgedCare.gov.au**
- ਫ਼ੋਨ: **1800 200 422**
- ਵਿਅਕਤੀਗਤ ਤੌਰ 'ਤੇ: ਆਮ ਜਾਣਕਾਰੀ ਅਤੇ ਸਹਾਇਤਾ ਲਈ Services Australia ਸੇਵਾ ਕੇਂਦਰ 'ਤੇ ਜਾਓ ਜਾਂ ਮੁਫ਼ਤ ਵਿਅਕਤੀਗਤ ਮੁਲਾਕਾਤ ਲਈ ਔਨਲਾਈਨ ਬੁੱਕ ਕਰੋ। ਜ਼ਿਆਦਾ ਸਹਾਇਤਾ ਲਈ, ਤੁਸੀਂ ਕਿਸੇ ਏਜਡ ਕੇਅਰ ਸਪੈਸ਼ਲਿਸਟ ਅਫ਼ਸਰ [Aged Care Specialist Officer] ਨਾਲ ਵੀ ਗੱਲ ਕਰ ਸਕਦੇ ਹੋ ਜੇਕਰ ਤੁਹਾਡੇ ਖੇਤਰ ਵਿੱਚ ਕੋਈ ਮੌਜੂਦ ਹੋਵੇ, ਜਾਂ ਵੀਡੀਓ ਚੈਟ ਦੀ ਵਰਤੋਂ ਕਰ ਸਕਦੇ ਹੋ।

  **ServicesAustralia.gov.au/My-Aged-Care-Face-To-Face-Services** ਵੈੱਬਸਾਈਟ 'ਤੇ ਜਾਓ ਜਾਂ **1800 227 475** 'ਤੇ ਮੁਫ਼ਤ ਫ਼ੋਨ ਕਰੋ।

## ਚੈੱਕਲਿਸਟ

- ☐ ਇਹ ਸੋਚੋ ਕਿ ਤੁਹਾਡੇ ਲਈ ਕੀ ਮਹੱਤਵਪੂਰਨ ਹੈ ਅਤੇ ਸੰਭਾਵੀ ਸੇਵਾ ਪ੍ਰਦਾਤਾ ਤੁਹਾਨੂੰ ਘਰ ਵਿੱਚ ਰਹਿੰਦੇ ਹੋਣ ਦੌਰਾਨ ਆਪਣੀ ਦੇਖਭਾਲ ਕਰਨ ਵਿੱਚ ਸਹਾਇਤਾ ਦੇਣ ਲਈ ਤੁਹਾਨੂੰ ਲੋੜੀਂਦੀਆਂ ਅਤੇ ਚਾਹੀਦੀਆਂ ਸੇਵਾਵਾਂ ਕਿਵੇਂ ਪ੍ਰਦਾਨ ਕਰ ਸਕਦੇ ਹਨ।
- ☐ ਆਪਣੇ ਸਥਾਨਕ ਖੇਤਰ ਵਿੱਚ ਸੇਵਾ ਪ੍ਰਦਾਤਾਵਾਂ ਦੀ ਇੱਕ ਛੋਟੀ ਸੂਚੀ ਬਣਾਓ:
  - ☐ My Aged Care ਦੀ ਵੈੱਬਸਾਈਟ **MyAgedCare.gov.au/Find-A-Provider** 'ਤੇ 'Find a provider' ਟੂਲ ਦੀ ਵਰਤੋਂ ਕਰੋ।
  - ☐ ਸੇਵਾ ਪ੍ਰਦਾਤਾਵਾਂ ਅਤੇ ਤੁਹਾਡੀ 'ਸਪੋਰਟ ਐਟ ਹੋਮ' ਸਹਾਇਤਾ ਯੋਜਨਾ ਦੇ ਤਹਿਤ, ਉਨ੍ਹਾਂ ਵੱਲੋਂ ਦਿੱਤੀਆਂ ਜਾਣ ਵਾਲੀਆਂ ਆਮ ਸੇਵਾਵਾਂ ਦੀਆਂ ਕੀਮਤਾਂ ਦੀ ਤੁਲਨਾ ਕਰੋ।
  - ☐ Services Australia ਸੇਵਾ ਕੇਂਦਰ 'ਤੇ ਜਾਓ ਜਾਂ ਅਪੌਇੰਟਮੈਂਟ ਲਈ ਔਨਲਾਈਨ ਬੁੱਕ ਕਰੋ: **ServicesAustralia.gov.au/My-Aged-Care-Face-To-Face-Services** ਜਾਂ **1800 227 475** 'ਤੇ ਮੁਫ਼ਤ ਫ਼ੋਨ ਕਰੋ।
- ☐ ਆਪਣੇ ਸਹਾਇਤਾ ਨੈੱਟਵਰਕ ਨਾਲ ਆਪਣੇ ਵਿਕਲਪਾਂ ਬਾਰੇ ਚਰਚਾ ਕਰੋ।

ਇਹ ਪ੍ਰਕਾਸ਼ਨ 1 ਨਵੰਬਰ 2025 ਤੱਕ ਸਹੀ ਹੈ।

DT0004880-1025